

ਮਾਣਯੋਗ ਖੇਤੀਬਾੜੀ ਮੰਤਰੀ ਸ. ਤੋਤਾ ਸਿੰਘ ਅਤੇ ਵਾਈਸ ਚਾਂਸਲਰ ਡਾ. ਬਲਦੇਵ ਸਿੰਘ ਢਿੱਲੋਂ ਕੋਲੋਂ ਸ. ਮਿਹਰਬਾਨ ਸਿੰਘ 'ਮੁੱਖ ਮੰਤਰੀ ਪੁਰਸਕਾਰ' ਹਾਸਲ ਕਰਦੇ ਹੋਏ। ਸਾਬਕਾ ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੁਖਤਾਰ ਸਿੰਘ ਗਿੱਲ ਨਾਲ ਖੜ੍ਹੇ ਹਨ ।

## ਵਿਗਿਆਨਕ ਸੋਚ ਦੇ ਸਹਾਰੇ ਖੇਤੀ ਨੂੰ ਸਿਖਰ ਤੇ ਪਹੁੰਚਾਉਣ ਵਾਲੇ

# ਸ. ਮਿਹਰਬਾਨ ਸਿੰਘ

ਪਟਿਆਲਾ ਜ਼ਿਲ੍ਹੇ ਦੇ ਪਿੰਡ ਸਹੌਲੀ ਦੇ ਜੰਮਪਲ ਸ. ਮਿਹਰਬਾਨ ਸਿੰਘ ਸਪੁੱਤਰ ਸ. ਸੀਤਲ ਸਿੰਘ ਨੇ ਸਬਜ਼ੀ ਉਤਪਾਦਨ ਵਿੱਚ ਗਿਆਨ ਵਿਗਿਆਨ ਸੋਚ ਦੇ ਸਹਾਰੇ ਆਪਣੀ ਖੇਤੀ ਨੂੰ ਉਸ ਸਿਖ਼ਰ ਤੇ ਪਹੁੰਚਾਇਆ ਹੈ ਜਿਸ ਤੇ ਮਾਣ ਕੀਤਾ ਜਾ ਸਕਦਾ ਹੈ। 40 ਸਾਲ ਉਮਰ ਦੇ ਸ. ਮਿਹਰਬਾਨ ਸਿੰਘ ਦੀ ਵਿੱਦਿਅਕ ਯੋਗਤਾ ਭਾਵੇਂ 10+2 ਜਮਾਤ ਤੱਕ ਦੀ ਹੀ ਹੈ ਪਰ ਉਨ੍ਹਾਂ ਦੀ ਸੋਚ ਦੀ ਉਡਾਰੀ ਅਤੇ ਲਿਆਕਤ ਰਾਸ਼ਟਰੀ ਪੱਧਰ ਦੇ ਅਗਾਂਹ ਵਧੂ ਕਿਸਾਨ ਵਾਲੀ ਹੈ। ਪਿਛਲੇ 13 ਸਾਲਾਂ ਤੋਂ ਸਬਜ਼ੀਆਂ ਦੀ ਕਾਸ਼ਤ ਵੱਲ ਉਨ੍ਹਾਂ ਨੇ ਵਿਸ਼ੇਸ਼ ਧਿਆਨ ਦਿੱਤਾ ਹੈ । ਜੱਦੀ ਜ਼ਮੀਨ 12 ਏਕੜ ਅਤੇ ਠੇਕੇ ਵਾਲੇ 3 ਏਕੜ ਮਿਲਾ ਕੇ ਉਹ 15 ਏਕੜ ਦੀ ਖੇਤੀ ਕਰ ਰਹੇ ਹਨ । ਉਹ ਰਵਾਇਤੀ ਕਣਕ-ਝੋਨਾ ਫ਼ਸਲੀ ਚੱਕਰ ਦਾ ਠੋਸ ਬਦਲ ਤਿਆਰ ਕਰ ਚੁੱਕੇ ਹਨ । ਖੇਤੀ ਕਰਨ ਦੌਰਾਨ ਆਉਂਦੀਆਂ ਚੁਣੌਤੀਆਂ ਨੂੰ ਪ੍ਰਵਾਨ ਕਰਨ ਲਈ ਉਨ੍ਹਾਂ ਨੇ ਡੇਅਰੀ ਫਾਰਮਿੰਗ, ਵਰਮੀ ਕੰਪੋਸਟ, ਯੰਗ ਫਾਰਮਰ ਟ੍ਰੇਨਿੰਗ ਕੋਰਸ, ਖੇਤੀ ਵਿੱਚ ਕੰਪਿਊਟਰ ਅਤੇ ਇੰਟਰਨੈੱਟ ਦੀ ਵਰਤੋਂ ਬਾਰੇ ਸਿਖਲਾਈ ਕੋਰਸ ਵੀ ਕੀਤੇ ਹਨ ।

ਸ਼ੁਰੂਆਤ ਵਿੱਚ ਪਰਿਵਾਰ ਨੇ ਉਨ੍ਹਾਂ ਦੀ ਸਬਜ਼ੀਆਂ ਪ੍ਰਤੀ ਫ਼ਸਲੀ ਚੱਕਰ ਦੀ ਸੋਚ ਨੂੰ ਉਤਸ਼ਤਹਿਤ ਨਹੀਂ ਕੀਤਾ ਕਿਉਂਕਿ ਪਰਿਵਾਰਕ ਮੈਂਬਰਾਂ ਦੇ ਕਥਨ ਅਨੁਸਾਰ ਸਬਜ਼ੀਆਂ ਦਾ ਮੁੱਲ ਸਹੀ ਨਹੀਂ ਮਿਲਦਾ ਪ੍ਰੰਤੂ ਉਨ੍ਹਾਂ ਨੇ ਦਿਲ ਛੋਟਾ ਕਰਨ ਦੀ ਬਜਾਏ ਸਬਰ ਸੰਤੋਖ ਤੋਂ ਕੰਮ ਲਿਆ ਅਤੇ ਮਿਹਨਤ ਤੇ ਲਗਨ ਸਦਕਾ ਪੂਰੀ ਜੁੰਮੇਵਾਰੀ ਨਾਲ ਕਣਕ-ਝੋਨੇ ਦੇ ਫ਼ਸਲੀ ਚੱਕਰ ਦਾ ਬਦਲ ਸਬਜ਼ੀਆਂ ਦਾ ਸਬਜ਼ੀਆਂ ਨਾਲ ਹੀ ਫ਼ਸਲ ਚੱਕਰ ਵਿਕਸਤ ਕੀਤਾ ਹੈ । ਹੁਣ ਉਹ ਇਹ ਗੱਲ ਪੂਰੀ ਜ਼ਿੰਮੇਵਾਰੀ ਨਾਲ ਸਾਬਤ ਕਰਨ ਦੇ ਸਮਰੱਥ ਹਨ ਕਿ ਸਬਜ਼ੀਆਂ ਦੀ ਕਾਸ਼ਤ ਨੂੰ ਵੀ ਜੇ ਰੂਹ ਨਾਲ ਕੀਤਾ ਜਾਵੇ ਤਾਂ ਵੱਧ ਕਮਾਈ ਦੇ ਨਾਲ ਨਾਲ ਪਰਿਵਾਰਕ ਖੁਸ਼ਹਾਲੀ ਯਕੀਨੀ ਬਣਾਈ ਜਾ ਸਕਦੀ ਹੈ ।

ਫ਼ਸਲ ਉਤਪਾਦਨ ਵਿੱਚ ਸਫ਼ਲਤਾ ਹਾਸਲ ਕਰਨ ਲਈ ਸ਼ੁਰੂਆਤ ਵਿੱਚ ਸਬਜ਼ੀ ਉਤਪਾਦਕਾਂ ਦੇ ਖੇਤਾਂ ਤੇ ਵੱਖ ਵੱਖ ਉਗਾਈਆਂ ਜਾਂਦੀਆਂ ਸਬਜ਼ੀਆਂ ਦਾ ਸਰਵੇਖਣ ਕੀਤਾ ਅਤੇ ਉਨ੍ਹਾਂ ਨੇ ਸਬਜ਼ੀ ਉਤਪਾਦਕਾਂ ਤੇ ਸਾਇੰਸਦਾਨਾਂ ਨਾਲ ਰਾਬਤਾ ਕਾਇਮ ਰੱਖਿਆ । ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਪਾਸੋਂ ਸਿਖਲਾਈ ਹਾਸਲ ਕਰਕੇ ਉਨ੍ਹਾਂ ਨੇ ਆਪਣੀ ਖੇਤੀ ਨੂੰ ਚਾਨਣ ਮੁਨਾਰੇ ਦੇ ਰੂਪ ਵਿੱਚ ਸਥਾਪਤ ਕਰ ਲਿਆ ਹੈ । ਇਸੇ ਕਰਕੇ ਪੰਜਾਬ ਦੇ ਸਿਰਕੱਢ ਵਿਗਿਆਨੀ, ਕੁਸ਼ਲ ਪ੍ਰਸ਼ਾਸ਼ਕ ਅਤੇ ਅਗਾਂਹ ਵਧੂ ਕਿਸਾਨ ਉਨ੍ਹਾਂ ਦੇ ਫਾਰਮ ਤੇ ਉਨ੍ਹਾਂ ਦੁਆਰਾ ਕੀਤੇ ਜਾਂਦੇ ਖੋਜ ਤਜ਼ਰਬੇ ਜਾਨਣ ਆਉਂਦੇ ਹਨ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਤੋਂ ਇਲਾਵਾ ਉਨ੍ਹਾਂ ਨੇ ਡੇਅਰੀ ਵਿਕਾਸ ਵਿਭਾਗ, ਥਾਪਰ ਪੌਲੀਟੈਕਨਿਕ ਪਟਿਆਲਾ ਅਤੇ ਜੈਵਿਕ ਰੂੜੀ ਸੰਬੰਧੀ ਖੇਤੀ ਵਿਰਾਸਤ ਤੋਂ ਵੀ ਸਿਖਲਾਈ ਹਾਸਲ ਕੀਤੀ ਹੈ । ਸ. ਮਿਹਰਬਾਨ ਸਿੰਘ ਨੇ ਪਹਿਲਾਂ ਸਥਾਨਕ ਮੰਡੀਆਂ ਫਿਰ ਕੌਮੀ ਮੰਡੀਆਂ ਅਤੇ ਹੁਣ ਅੰਤਰ ਰਾਸ਼ਟਰੀ ਮੰਡੀਆਂ ਵਿੱਚ ਆਪਣੀ ਸਬਜ਼ੀ ਵੇਚਣ ਬਾਰੇ ਸਰਵੇਖਣ ਕੀਤਾ ਹੈ । ਯੂਰਪੀਅਨ ਮੰਡੀਆਂ ਜਾਨਣ ਲਈ ਉਹ ਆਪ ਲੰਡਨ ਗਏ ਅਤੇ ਉਥੋਂ ਦੇ ਕਿਸਾਨਾਂ ਦੇ ਨਾਲ ਸੰਪਰਕ ਕਰਕੇ ਉਨ੍ਹਾਂ ਨੇ ਇਹ ਗੱਲ ਜਾਣ ਲਈ ਹੈ ਕਿ ਸਬਜ਼ੀਆਂ ਦੀ ਦਰਜਾਬੰਦੀ ਮੰਡੀਕਰਨ ਵਿੱਚ ਬਹੁਤ ਮਹੱਤਵਪੂਰਨ ਅੰਗ ਹਨ ।

ਸ. ਮਿਹਰਬਾਨ ਸਿੰਘ ਨੂੰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਤੋਂ ਸਾਲ 2007 ਦੌਰਾਨ ਸਬਜ਼ੀ ਉਤਪਾਦਨ ਲਈ ਸ. ਉਜਾਗਰ ਸਿੰਘ ਧਾਲੀਵਾਲ ਮੈਮੋਰੀਅਲ ਐਵਾਰਡ ਅਤੇ ਸੰਨ 2012 ਵਿੱਚ ਬਾਗਬਾਨੀ ਲਈ ਮੁੱਖ ਮੰਤਰੀ ਐਵਾਰਡ ਪ੍ਰਾਪਤ ਹੋ ਚੁੱਕੇ ਹਨ । ਖੇਤੀ ਵਿੱਚ ਨਵੀਨਤਮ ਤਬਦੀਲੀਆਂ ਕਾਰਨ ਉਨ੍ਹਾਂ ਦਾ ਫਾਰਮ ਡੇਅਰੀ ਫਾਰਮਿੰਗ, ਵਰਮੀ ਕੰਪੋਸਟ ਤਿਆਰ ਕਰਨ, ਸਬਜ਼ੀਆਂ ਦੇ ਉਤਪਾਦਨ ਵਿੱਚ ਵਿਸ਼ੇਸ਼ ਖਿੱਚ ਦਾ ਕੇਂਦਰ ਬਣ ਚੁੱਕਾ ਹੈ । ਮਿਰਚ, ਸ਼ਿਮਲਾ ਮਿਰਚ, ਕਰੇਲਾ, ਖੀਰਾ, ਟਮਾਟਰ, ਕਾਲੀ ਤੋਰੀ ਅਤੇ ਤਰਬੂਜ਼ ਦੀ ਕਾਸ਼ਤ ਕਰਕੇ ਉਹ ਸਬਜ਼ੀਆਂ ਵਿੱਚ ਵੀ ਵੰਨ-ਸੁਵੰਨਤਾ ਲਿਆ ਰਹੇ ਹਨ । ਉਹ ਸਬਜ਼ੀਆਂ ਦੀ ਕਾਸ਼ਤ ਬੇ-ਮੌਸਮੀ ਸਮੇਂ ਕਰਦੇ ਹਨ ਤਾਂ ਜੋ ਮੰਡੀਕਰਨ ਕਰਕੇ ਵੱਧ ਮੁਨਾਫ਼ਾ ਲਿਆ ਜਾ ਸਕੇ ਅਤੇ ਉਹ ਆਪਣੇ ਖੇਤਾਂ ਵਿੱਚ ਜ਼ਿਆਦਾਤਰ ਹਾਈਬ੍ਰਿਡ ਕਿਸਮਾਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਅਤੇ ਨਾਮੀ ਕੰਪਨੀਆਂ ਤੋਂ ਲੈ ਕੇ ਹੀ ਬੀਜਦੇ ਹਨ । ਉਹ ਸਬਜ਼ੀਆਂ ਦੀ ਪਨੀਰੀ ਜ਼ਮੀਨ ਵਿੱਚ ਪੈਦਾ ਕਰਨ ਦੀ ਥਾਂ ਪੌਲੀ-ਹਾਊਸ ਵਿੱਚ ਟਰੇਆਂ ਵਿੱਚ ਕਰਦੇ

ਹਨ ਅਤੇ ਨਰਸਰੀ ਨੂੰ ਵਧੀਆ ਫਲਣ-ਫੁੱਲਣ ਲਈ ਗੰਡੋਇਆਂ ਦੀ ਖਾਦ ਅਤੇ ਮੁਰਗੀਆਂ ਦੀ ਰਹਿੰਦ-ਖੂੰਹਦ ਵਰਤਦੇ ਹਨ । ਖ਼ੁਦ ਡੀਜ਼ਾਈਨ ਕੀਤੇ ਪੋਲੀ ਹਾਊਸ ਵਿੱਚ ਉਹ ਬੇਮੌਸਮੀਆਂ ਸਬਜ਼ੀਆਂ ਤੋਂ ਚੰਗੀ ਕਮਾਈ ਲੈਂਦੇ ਹਨ । ਪੋਲੀ ਹਾਊਸ ਵਿੱਚ ਸਬਜ਼ੀਆਂ ਦੀ ਕਾਸ਼ਤ ਲਈ ਉਹ ਹਾਈਗ੍ਰੋਮੀਟਰ ਦੀ ਵਰਤੋਂ ਕਰਦੇ ਹਨ ਤਾਂ ਜੋ ਕੰਟਰੋਲ ਵਾਤਾਵਰਨ ਬਾਰੇ ਜਾਣਕਾਰੀ ਹਾਸਲ ਕਰਕੇ ਚੰਗੀਆਂ ਸਬਜ਼ੀਆਂ ਉਗਾਈਆਂ ਜਾ ਸਕਣ । ਗਰਮੀਆਂ ਅਤੇ ਸਿਆਲ ਵਿੱਚ ਤਾਪਮਾਨ ਦੀ ਜਾਣਕਾਰੀ ਲਈ ਉਹ ਡਿਜ਼ੀਟਲ ਵਿਧੀ ਅਪਣਾਉਂਦੇ ਹਨ ।

ਮਿਹਰਬਾਨ ਸਿੰਘ ਪੰਜਾਬ ਅਤੇ ਗੁਆਂਢੀ ਸੂਬਿਆਂ ਦੇ ਖੋਜ ਅਦਾਰਿਆਂ ਦੇ ਨਾਲ ਨਾਲ ਅਗਾਂਹ ਵਧੂ ਕਿਸਾਨਾਂ ਨਾਲ ਵੀ ਪੂਰਾ ਸੰਪਰਕ ਰੱਖਦੇ ਹਨ । ਤੁਪਕਾ ਅਤੇ ਫੁਹਾਰਾ ਸਿੰਜਾਈ ਵਿਧੀ ਨਾਲ ਉਹ ਆਪਣੀਆਂ ਫ਼ਸਲਾਂ ਪਾਲਦੇ ਹਨ । ਜਲ ਸੋਮਿਆਂ ਦੀ ਬੱਚਤ ਕਰਕੇ ਥੋੜ੍ਹੇ ਪਾਣੀ ਤੋਂ ਵੱਧ ਝਾੜ ਲੈਣ ਵਿੱਚ ਉਨ੍ਹਾਂ ਨੇ ਕਮਾਲ ਕਰ ਵਿਖਾਈ ਹੈ । ਚੌੜੀਆਂ ਵੱਟਾਂ ਤੇ ਸਬਜ਼ੀਆਂ ਦੀ ਕਾਸ਼ਤ ਨਾਲ ਪਾਣੀ ਬਚਾਉਂਦੇ ਹਨ । ਟਮਾਟਰਾਂ ਦੀ ਕਾਸ਼ਤ ਲਈ ਉਨ੍ਹਾਂ ਨੇ ਬਾਂਸ ਦੇ 7000 ਡੰਡਿਆਂ ਦਾ ਢਾਂਚਾ ਉਸਾਰਿਆ ਹੋਇਆ ਹੈ । ਇਨ੍ਹਾਂ ਡੰਡਿਆਂ ਦੇ ਢਾਂਚੇ ਤੇ ਟਮਾਟਰ ਦੀਆਂ ਵੇਲਾਂ ਚਾੜ ਕੇ ਉਹ ਵੱਧ ਉਤਪਾਦਨ ਹਾਸਲ ਕਰ ਰਹੇ ਹਨ। ਝੋਨੇ ਅਧੀਨ ਇਕ ਮਰਲਾ ਵੀ ਨਹੀਂ ਰੱਖਦੇ । ਉਹ ਸਬਜ਼ੀਆਂ ਤੋਂ ਇਲਾਵਾ ਆਪਣੇ ਖੇਤਾਂ ਵਿੱਚ ਸਿਰਫ਼ ਪਸ਼ੂਆਂ ਲਈ ਬਰਸੀਮ ਅਤੇ ਮੱਕੀ ਹੀ ਬੀਜਦੇ ਹਨ। ਹਰੀ ਖਾਦ ਨਾਲ ਜ਼ਮੀਨ ਦੀ ਸਿਹਤ ਸੰਭਾਲਦੇ ਹਨ । ਵਰਮੀ ਕੰਪੋਸਟ ਨਾਲ ਰਸਾਇਣਕ ਖਾਦਾਂ ਦੀ ਵਰਤੋਂ ਘਟਾਉਂਦੇ ਹਨ । ਆਪਣੇ ਖੇਤਾਂ ਵਿੱਚ ਉਹ ਇੱਕ ਵੀ ਤੀਲਾ ਨਹੀਂ ਸਾੜਦੇ ਸਗੋਂ ਉਨ੍ਹਾਂ ਨੂੰ ਖੇਤੀ ਵਿੱਚ ਸੁੱਕ (ਮਲਚਿੰਗ) ਦੇ ਤੌਰ ਤੇ ਵਰਤਦੇ ਹਨ। ਇਸ ਨਾਲ ਨਦੀਨ ਵੀ ਘੱਟ ਉੱਗਦੇ ਹਨ ਅਤੇ ਵੱਤਰ ਵੀ ਖੁਸ਼ਕ ਨਹੀਂ ਹੁੰਦਾ । ਵਾਧੂ ਪਾਣੀ ਨੂੰ ਧਰਤੀ ਵਿੱਚ ਨਿਘਾਰਨ ਲਈ 35 ਫੁੱਟ ਡੂੰਘਾ ਅਤੇ 3 ਫੁੱਟ ਘੇਰੇ ਵਾਲਾ ਉਨ੍ਹਾਂ ਨੇ ਖੂਹ ਪੁੱਟਿਆ ਹੋਇਆ ਹੈ । ਖੇਤੀ ਮਸ਼ੀਨਰੀ ਦੀ ਸੁਯੋਗ ਵਰਤੋਂ ਵਿੱਚ ਵੀ ਉਹ ਸਭ ਤੋਂ ਅੱਗੇ ਹਨ । ਖੁੰਭਾਂ ਦੀ ਕਾਸ਼ਤ ਵਿੱਚ ਵੀ ਉਹ ਹਰ ਸਾਲ ਲਗਪਗ 300 ਕੁਇੰਟਲ ਤੂੜੀ ਦੀ ਕੰਪੋਸਟ ਤਿਆਰ ਕਰਕੇ ਚੰਗੀ ਕਮਾਈ ਕਰਦੇ ਹਨ । 6 ਲਵੇਰਿਆਂ ਤੋਂ ਸਲਾਨਾ ਪੈਦਾ ਹੋਣ ਵਾਲਾ ਦੁੱਧ ਵੀ ਲਗਭਗ 6200 ਲਿਟਰ ਹੈ, ਜਿਸ ਨੂੰ ਉਹ ਚੰਗੇ ਭਾਅ ਵੇਚਦੇ ਹਨ ।

ਸ. ਮਿਹਰਬਾਨ ਸਿੰਘ ਨੇ ਫ਼ਸਲਾਂ ਦੀ ਕਾਸ਼ਤ ਲਈ ਚੌੜੀ ਪਟੜੀ ਤਿਆਰ ਕਰਨ ਵਾਲਾ ਬੈੱਡ ਮੇਕਰ ਖ਼ੁਦ ਆਪਣੀਆਂ ਜ਼ਰੂਰਤਾਂ ਅਨੁਸਾਰ ਡੀਜ਼ਾਈਨ ਕੀਤਾ

ਹੈ । ਸਬਜ਼ੀਆਂ ਦੀ ਪਨੀਰੀ ਨੂੰ ਰਿਡੋਮਿਲ ਨਾਲ ਸੋਧ ਕੇ ਬੀਜਣ ਦਾ ਢੰਗ ਤਰੀਕਾ ਵਿਕਸਤ ਕਰਨ ਨਾਲ ਉਨ੍ਹਾਂ ਦੀਆਂ ਸਬਜ਼ੀਆਂ ਜੜ੍ਹ ਗਲਣ ਦੇ ਰੋਗ ਤੋਂ ਇਲਾਵਾ ਧਰਤੀ ਤੋਂ ਲੱਗਣ ਵਾਲੀਆਂ ਬੀਮਾਰੀਆਂ ਤੋਂ ਬਚੀਆਂ ਰਹਿੰਦੀਆਂ ਹਨ। ਟਮਾਟਰ ਤੇ ਕਰੇਲੇ ਦੀ ਸਾਂਝੀ ਖੇਤੀ ਕਰਨ ਕਰਕੇ ਉਨ੍ਹਾਂ ਦਾ ਫ਼ਲ ਧਰਤੀ ਤੇ ਪਾਣੀ ਦੇ ਸੰਪਰਕ ਤੋਂ ਦੂਰ ਰਹਿੰਦਾ ਹੈ ਅਤੇ ਚੰਗੀ ਫ਼ਸਲ ਕਰਨ ਕਾਰਨ ਚੰਗੀ ਕਮਾਈ ਹੁੰਦੀ ਹੈ । ਪਟਿਆਲਾ ਜ਼ਿਲ੍ਹੇ ਦੀ ਖੇਤੀ ਵਿਕਾਸ ਏਜੰਸੀ ਆਤਮਾ ਵੱਲੋਂ 20 ਕਿਸਾਨਾਂ ਨੂੰ ਸਿੱਖਿਅਤ ਕਰਨ ਲਈ ਉਨ੍ਹਾਂ ਦੇ ਫਾਰਮ ਤੇ ਫੀਲਡ ਸਕੂਲ ਵੀ ਚੱਲ ਰਿਹਾ ਹੈ । ਸ. ਮਿਹਰਬਾਨ ਸਿੰਘ ਨੇ ਸਬਜ਼ੀ ਉਤਪਾਦਕਾਂ ਦਾ ਇੱਕ ਸਵੈ ਸਹਾਇਤਾ ਗਰੁੱਪ ਵੀ ਬਣਾਇਆ ਹੋਇਆ ਹੈ ਜਿਸ ਗਰੁੱਪ ਵਿੱਚ 30 ਤੋਂ ਵੱਧ ਕਿਸਾਨ ਮੈਂਬਰ ਹਨ ਅਤੇ ਇਨ੍ਹਾਂ ਕਿਸਾਨਾਂ ਵੱਲੋਂ ਬੀਜੀਆਂ ਜਾਂਦੀਆਂ ਸਬਜ਼ੀਆਂ ਵਿੱਚੋਂ 80 ਫੀਸਦੀ ਰਕਬਾ ਤੁਪਕਾ ਅਤੇ ਫੁਹਾਰਾ ਵਿਧੀ ਨਾਲ ਸਿੰਜਿਆ ਜਾਂਦਾ ਹੈ। ਮਿਹਰਬਾਨ ਸਿੰਘ ਸਹੌਲੀ ਆਪਣੇ ਕਿੱਤੇ ਨੂੰ ਗਿਆਨ ਵਿਗਿਆਨ ਅਧਾਰਿਤ ਰੱਖਣ ਕਰਕੇ ਆਪਣੇ ਮੁੜਕੇ ਦਾ ਪੂਰਾ ਮੁੱਲ ਵਸੂਲਦੇ ਹਨ । ਸਿਰਫ਼ ਪਟਿਆਲਾ ਜ਼ਿਲ੍ਹੇ ਦਾ ਹੀ ਨਹੀਂ, ਉਨ੍ਹਾਂ ਵਿੱਚ ਪੂਰੇ ਪੰਜਾਬ ਦਾ ਖੇਤੀਬਾੜੀ ਵਿਕਾਸ ਪੱਖੋਂ ਚਾਨਣ ਮੁਨਾਰਾ ਬਣਨ ਦੀ ਸਮਰਥਾ ਹੈ । ਇਸ ਮਿਹਨਤੀ ਅਤੇ ਗਿਆਨਵਾਨ ਕਿਸਾਨ ਨੂੰ ਇਸ ਤੋਂ ਵੀ ਵੱਧ ਰੌਸ਼ਨ ਭਵਿੱਖ ਉਡੀਕਦਾ ਹੈ ।